ਨਿੱਜਤਾ ਦਸਤੂਰ ਦਾ ਨੋਟਿਸ

ਅਕਤੂਬਰ 2015

ਇਹ ਨੋਟਿਸ ਇਹ ਜਾਣਕਾਰੀ ਦਿੰਦਾ ਹੈ ਕਿ ਕਿਵੇਂ *Washington State Health Care Authority (HCA,* ਜਾਂ ਅਸੀਂ*)* ਤੁਹਾਡੇ ਬਾਰੇ ਮੈਡੀਕਲ ਜਾਣਕਾਰੀ ਵਰਤਦੀ ਜਾਂ ਜ਼ਾਹਰ ਕਰਦੀ ਹੈ ਅਤੇ ਕਿਵੇਂ ਤੁਸੀਂ ਇਸ ਸੂਚਨਾ ਤੱਕ ਪਹੁੰਚ ਕਰ ਸਕਦੇ ਹੋ। **ਕਿਰਪਾ ਕਰ ਕੇ ਇਸ ਨੂੰ ਧਿਆਨ ਨਾਲ ਦੇਖੋ।**

ਤੁਸੀਂ ਇਹ ਨੋਟਿਸ ਇਸ ਕਾਰਨ ਹਾਸਲ ਕਰ ਰਹੇ ਹੋ ਕਿ HCA ਲਈ ਕਾਨੂੰਨਨ ਤੁਹਾਡੀ ਸੂਚਨਾ ਗੁਪਤ ਰੱਖਣੀ ਤੇ ਇਹ ਨੋਟਿਸ ਸਾਰੇ Health Care Authority ਗਾਹਕਾਂ ਨੂੰ ਦੇਣਾ ਜ਼ਰੂਰੀ ਹੈ। ਇਸ ਦਾ ਸੇਵਾਵਾਂ ਜਾਂ ਕਵਰੇਜ ਲਈ ਤੁਹਾਡੀ ਯੋਗਤਾ ਉਤੇ ਕੋਈ ਅਸਰ ਨਹੀਂ ਪੈਂਦਾ।

ਸਾਰ

ਤੁਹਾਡੇ ਹੱਕ

ਤੁਹਾਨੂੰ ਹੱਕ ਹਾਸਲ ਹੈ:

- ਆਪਣੇ ਸਿਹਤ ਅਤੇ ਕਲੇਮਾਂ ਦੇ ਰਿਕਾਰਡ ਦੀ ਇਕ ਕਾਪੀ ਲੈਣ ਦਾ।
- ਆਪਣਾ ਸਿਹਤ ਤੇ ਕਲੇਮ ਰਿਕਾਰਡ ਦਰੁਸਤ ਕਰਨ ਦਾ।
- ਗੁਪਤ ਸੰਚਾਰ ਦੀ ਬੇਨਤੀ ਕਰਨ ਦਾ।
- ਸਾਨੂੰ ਸਾਡੇ ਵੱਲੋਂ ਸਾਂਝੀ ਕੀਤੀ ਸੂਚਨਾ ਨੂੰ ਸੀਮਤ ਕਰਨ ਲਈ ਕਹਿਣ ਦਾ।
- ਉਨ੍ਹਾਂ ਦੀ ਸੂਚੀ ਹਾਸਲ ਕਰਨਾ ਜਿਨ੍ਹਾਂ ਨਾਲ ਅਸੀਂ ਤੁਹਾਡੀ ਸੂਚਨਾ ਸਾਂਝੀ ਕੀਤੀ ਹੈ (ਕੁਝ ਛੋਟਾਂ ਨਾਲ)।
- ਇਸ ਨਿੱਜਤਾ ਨੋਟਿਸ ਦੀ ਕਾਪੀ ਹਾਸਲ ਕਰਨ ਦਾ।
- ਆਪਣੇ ਵੱਲੋਂ ਕੰਮ ਕਰਨ ਲਈ ਕਿਸੇ ਦੀ ਚੋਣ ਕਰਨ ਦਾ।
- ਜੇ ਤੁਹਾਨੂੰ ਜਾਪੇ ਕਿ ਤੁਹਾਡੇ ਨਿੱਜਤਾ ਹੱਕਾਂ ਦਾ ਉਲੰਘਣ ਹੋਇਆ ਹੈ, ਤਾਂ ਸ਼ਿਕਾਇਤ ਦਰਜ ਕਰਨ ਦਾ।

➤ਵਧੇਰੇ ਜਾਣਕਾਰੀ ਲਈ **ਸਫ਼ਾ 2 ਦੇਖੋ।**

ਤੁਹਾਡੀਆਂ ਪਸੰਦਾਂ

ਤੁਸੀਂ ਸਾਨੂੰ ਉਸ ਸਿਹਤ ਸੂਚਨਾ ਸਬੰਧੀ ਆਪਣੀਆਂ ਪਸੰਦਾਂ ਬਾਰੇ ਦੱਸ ਸਕਦੇ ਹੋ, ਜਿਹੜੀ ਅਸੀਂ ਵਰਤਦੇ ਜਾਂ ਸਾਂਝੀ ਕਰਦੇ ਹਾਂ। ਮਿਸਾਲ ਵਜੋਂ ਅਸੀਂ:

- ਤੁਹਾਡੇ ਪਰਿਵਾਰ ਜਾਂ ਦੋਸਤਾਂ ਦੇ ਕਵਰੇਜ ਸਬੰਧੀ ਸਵਾਲਾਂ ਦੇ ਜਵਾਬ ਕਿਵੇਂ ਦਿੰਦੇ ਹਾਂ।
- ਆਫਤ ਰਾਹਤ ਕਿਵੇਂ ਮੁਹੱਈਆ ਕਰਾਉਂਦੇ ਹਾਂ।

ਅਸੀਂ ਆਪਣੀਆਂ ਸੇਵਾਵਾਂ ਨੂੰ ਮਾਰਕੀਟ ਨਹੀਂ ਕਰਦੇ ਤੇ ਨਾ ਤੁਹਾਡੀ ਸੂਚਨਾ ਵੇਚਦੇ ਹਾਂ।

➤ਵਧੇਰੇ ਜਾਣਕਾਰੀ ਲਈ **ਸਫ਼ਾ 3 ਦੇਖੋ।**

ਸਾਡੇ ਇਸਤੇਮਾਲ ਤੇ ਇਜ਼ਹਾਰ

ਅਸੀਂ ਤੁਹਾਡੀ ਸੂਚਨਾ ਨੂੰ ਇਨ੍ਹਾਂ ਕਾਰਨਾਂ ਕਰ ਕੇ ਇਸਤੇਮਾਲ ਤੇ ਸਾਂਝੀ ਕਰ ਸਕਦੇ ਹਾਂ:

- ਤੁਹਾਡੇ ਵੱਲੋਂ ਲਏ ਜਾਂਦੇ ਸਿਹਤ ਸੰਭਾਲ ਇਲਾਜ ਨੂੰ ਪ੍ਰਬੰਧਤ ਕਰਨ 'ਚ ਮੱਦਦ ਲਈ।
- ਆਪਣੀ ਸੰਸਥਾ ਨੂੰ ਚਲਾਉਣ ਲਈ।
- ਤੁਹਾਡੀਆਂ ਸਿਹਤ ਸੇਵਾਵਾਂ ਦੀ ਅਦਾਇਗੀ ਲਈ।
- ਤੁਹਾਡੀ ਸਿਹਤ ਯੋਜਨਾ ਦੇ ਪ੍ਰਸ਼ਾਸਨ ਲਈ।
- ਜਨ ਸਿਹਤ ਤੇ ਸੁਰੱਖਿਆ ਮੁੱਦਿਆਂ ਵਿੱਚ ਮੱਦਦ ਲਈ।
- ਖੋਜ ਲਈ।
- ਕਾਨੂੰਨ ਦੇ ਪਾਲਣ ਲਈ।
- ਅੰਗ ਤੇ ਟਿਸ਼ੂ ਦਾਨ ਬੇਨਤੀਆਂ ਪ੍ਰਤੀ ਹੁੰਗਾਰੇ ਤੇ ਮੈਡੀਕਲ ਜਾਂਚਕਾਰ ਜਾਂ ਅੰਤਿਮ ਸੰਸਕਾਰ ਡਾਇਰੈਕਟਰ ਨਾਲ ਕੰਮ ਕਰਨ ਲਈ।
- ਕਾਮਿਆਂ ਦੇ ਮੁਆਵਜ਼ੇ, ਕਾਨੂੰਨ ਲਾਗੂ ਕਰਨ ਤੇ ਹੋਰ ਸਰਕਾਰੀ ਬੇਨਤੀਆਂ ਦੇ ਨਿਬੇੜੇ ਲਈ।
- ਮੁਕੱਦਮਿਆਂ ਤੇ ਕਾਨੂੰਨੀ ਕਾਰਵਾਈਆਂ ਦੇ ਜਵਾਬ ਲਈ।
- ਕੁਆਲਿਟੀ ਸੁਧਾਰ ਮੌਕਿਆਂ ਦੀ ਪਛਾਣ ਲਈ।

➤ਵਧੇਰੇ ਜਾਣਕਾਰੀ ਲਈ **ਸਫ਼ੇ 3 ਤੇ 4 ਦੇਖੋ।**

ਤੁਹਾਡੇ ਹੱਕ

ਜਦੋਂ ਤੁਹਾਡੀ ਸਿਹਤ ਸੂਚਨਾ ਦਾ ਮਾਮਲਾ ਹੋਵੇ, ਤਾਂ ਤੁਹਾਡੇ ਕੁਝ ਹੱਕ ਹਨ। ਇਸ ਹਿੱਸੇ ਵਿੱਚ ਤੁਹਾਡੇ ਹੱਕਾਂ ਅਤੇ ਤੁਹਾਡੀ ਮੱਦਦ ਕਰਨ ਸਬੰਧੀ ਸਾਡੀਆਂ ਕੁਝ ਜ਼ਿੰਮੇਵਾਰੀਆਂ ਦਾ ਜ਼ਿਕਰ ਕੀਤਾ ਗਿਆ ਹੈ।

ਆਪਣੇ ਸਿਹਤ ਅਤੇ ਕਲੇਮਾਂ ਦੇ ਰਿਕਾਰਡ ਦੀ ਇਕ ਕਾਪੀ ਲੈਣੀ

- ਤੁਸੀਂ ਲਿਖਤੀ ਤੌਰ 'ਤੇ ਆਪਣਾ ਸਿਹਤ ਤੇ ਕਲੇਮਾਂ ਦਾ ਰਿਕਾਰਡ ਜਾਂ ਹੋਰ ਸੂਚਨਾ ਜੋ ਤੁਹਾਡੇ ਬਾਰੇ ਸਾਡੇ ਕੋਲ ਹੈ, ਦੇਖਣ ਜਾਂ ਇਸ ਦੀ ਕਾਪੀ ਲੈਣ ਲਈ ਆਖ ਸਕਦੇ ਹੋ। ਸਾਨੂੰ ਪੁੱਛੋ ਕਿ ਇਹ ਕਿਵੇਂ ਕਰਨਾ ਹੈ।
- ਅਸੀਂ ਆਮ ਕਰ ਕੇ ਤੁਹਾਡੀ ਬੇਨਤੀ ਤੋਂ 30 ਦਿਨਾਂ ਦੌਰਾਨ ਤੁਹਾਡੇ ਸਿਹਤ ਤੇ ਕਲੇਮਾਂ ਸਬੰਧੀ ਰਿਕਾਰਡ ਦੀ ਕਾਪੀ ਜਾਂ ਵੇਰਵਾ ਮੁਹੱਈਆ ਕਰਾਉਂਦੇ ਹਾਂ। ਅਸੀਂ ਇਸ ਦੀ ਵਾਜਬ, ਲਾਗਤ ਆਧਾਰਤ ਫੀਸ ਵਸੂਲ ਸਕਦੇ ਹਾਂ। ਕੁਝ ਅਜਿਹਾ ਰਿਕਾਰਡ ਵੀ ਹੁੰਦਾ ਹੈ, ਜਿਹੜਾ ਤੁਹਾਨੂੰ ਦੇਣ ਦੀ ਸਾਨੂੰ ਲੋੜ ਨਹੀਂ ਹੁੰਦੀ।

ਆਪਣਾ ਸਿਹਤ ਤੇ ਕਲੇਮ ਰਿਕਾਰਡ ਦਰੁਸਤ ਕਰਨ ਲਈ ਸਾਨੂੰ ਕਹਿਣਾ

- ਤੁਸੀਂ ਲਿਖਤੀ ਤੌਰ 'ਤੇ ਆਪਣਾ ਸਿਹਤ ਤੇ ਕਲੇਮਾਂ ਦਾ ਰਿਕਾਰਡ ਦਰੁਸਤ ਕਰਨ ਲਈ ਸਾਨੂੰ ਆਖ ਸਕਦੇ ਹੋ, ਜੇ ਤੁਹਾਨੂੰ ਜਾਪੇ ਕਿ ਇਹ ਗ਼ਲਤ ਜਾਂ ਅਧੂਰਾ ਹੈ। ਇਹ ਕੁਝ ਰਿਕਾਰਡਾਂ ਉਤੇ ਲਾਗੂ ਹੁੰਦਾ ਹੈ, ਜਿਵੇਂ ਉਹ ਰਿਕਾਰਡ ਜਿਹੜਾ ਅਸੀਂ ਤੁਹਾਡੇ ਬਾਰੇ ਫੈਸਲੇ ਲੈਣ ਲਈ ਵਰਤਦੇ ਹਾਂ। ਸਾਨੂੰ ਪੁੱਛੋ ਕਿ ਇਹ ਕਿਵੇਂ ਕਰਨਾ ਹੈ।
- ਅਸੀਂ ਤੁਹਾਡੀ ਬੇਨਤੀ ਲਈ "ਨਾਂਹ" ਕਰ ਸਕਦੇ ਹਾਂ, ਪਰ ਅਸੀਂ ਇਸ ਦਾ ਲਿਖਤੀ ਕਾਰਨ 60 ਦਿਨਾਂ ਵਿੱਚ ਤੁਹਾਨੂੰ ਦੱਸਾਂਗੇ।

ਗੁਪਤ ਸੰਚਾਰ ਦੀ ਬੇਨਤੀ ਕਰਨੀ

- ਤੁਸੀਂ ਸਾਨੂੰ ਆਪਣੇ ਨਾਲ ਕਿਸੇ ਖਾਸ ਤਰੀਕੇ ਰਾਹੀਂ ਸੰਪਰਕ ਕਰਨ ਲਈ ਆਖ ਸਕਦੇ ਹੋ (ਮਿਸਾਲ ਵਜੋਂ ਘਰ ਜਾਂ ਦਫਤਰ ਦਾ ਫੋਨ) ਜਾਂ ਕਿਸੇ ਹੋਰ ਪਤੇ ਉਤੇ ਮੇਲ ਭੇਜਣਾ।
- ਅਸੀਂ ਸਾਰੀਆਂ ਵਾਜਬ ਬੇਨਤੀਆਂ ਉਤੇ ਗੌਰ ਕਰਾਂਗੇ, ਜੇ ਤੁਸੀਂ ਸਾਨੂੰ ਦੱਸਦੇ ਹੋ ਕਿ ਸਾਡੇ ਵੱਲੋਂ ਅਜਿਹਾ ਨਾ ਕੀਤੇ ਜਾਣ ਉਤੇ ਤੁਹਾਨੂੰ ਖ਼ਤਰਾ ਹੋ ਸਕਦਾ ਹੈ ਤਾਂ ਅਸੀਂ ਇਸ ਲਈ "ਹਾਂ" ਆਖ ਸਕਦੇ ਹਾਂ।

ਸਾਨੂੰ ਸਾਡੇ ਵੱਲੋਂ ਸਾਂਝੀ ਕੀਤੀ ਸੂਚਨਾ ਨੂੰ ਸੀਮਤ ਕਰਨ ਲਈ ਕਹਿਣਾ

- ਤੁਸੀਂ ਸਾਨੂੰ ਕਿਸੇ ਖਾਸ ਸੂਚਨਾ ਨੂੰ ਇਲਾਜ, ਅਦਾਇਗੀ, ਜਾਂ ਸਾਡੀਆਂ ਕਾਰਵਾਈਆਂ ਲਈ ਨਾ ਵਰਤਣ ਜਾਂ ਨਾ ਸਾਂਝੀ ਕਰਨ ਲਈ ਆਖ ਸਕਦੇ ਹੋ।
- ਸਾਡੇ ਲਈ ਤੁਹਾਡੀ ਬੇਨਤੀ ਮੰਨਣੀ ਲਾਜ਼ਮੀ ਨਹੀਂ ਹੈ, ਅਤੇ ਜੇ ਇਸ ਨਾਲ ਤੁਹਾਡੀ ਸੰਭਾਲ ਉਤੇ ਮਾੜਾ ਅਸਰ ਪੈਂਦਾ ਹੋਵੇ ਤਾਂ ਅਸੀਂ ਇਸ ਲਈ "ਨਾਂਹ" ਕਰ ਸਕਦੇ ਹਾਂ।

ਉਨ੍ਹਾਂ ਦੀ ਸੂਚੀ ਹਾਸਲ ਕਰਨਾ ਜਿਨ੍ਹਾਂ ਨਾਲ ਅਸੀਂ ਤੁਹਾਡੀ ਸੂਚਨਾ ਸਾਂਝੀ ਕੀਤੀ ਹੈ

- ਤੁਸੀਂ ਆਪਣੀ ਬੇਨਤੀ ਤੋਂ ਛੇ ਸਾਲ ਪਹਿਲਾਂ ਦੇ ਸਮੇਂ ਦੌਰਾਨ ਸਾਡੇ ਵੱਲੋਂ ਸਾਂਝੀ ਕੀਤੀ ਆਪਣੀ ਸਿਹਤ ਸੂਚਨਾ ਦੀ ਸੂਚੀ (ਵੇਰਵੇ) ਸਾਡੇ ਕੋਲੋਂ ਮੰਗ ਸਕਦੇ ਹੋ, ਕਿ ਅਸੀਂ ਇਹ ਕਿਸ ਨਾਲ ਸਾਂਝੀ ਕੀਤੀ, ਅਤੇ ਕਿਉਂ।
- ਅਸੀਂ ਇਸ ਵਿੱਚ ਉਨ੍ਹਾਂ ਇਜ਼ਹਾਰਾਂ ਨੂੰ ਛੱਡ ਕੇ, ਜਿਹੜੇ ਇਲਾਜ, ਅਦਾਇਗੀ ਤੇ ਸਿਹਤ ਸੰਭਾਲ ਕਾਰਵਾਈਆਂ ਲਈ ਹੋਣਗੇ, ਅਤੇ ਕੁਝ ਹੋਰ ਪ੍ਰਗਟਾਵੇ (ਇਹੋ ਜਿਹੇ ਜੋ ਤੁਸੀਂ ਸਾਨੂੰ ਕਰਨ ਲਈ ਆਖੇ ਹੋਣਗੇ), ਬਾਕੀ ਸਾਰਿਆਂ ਨੂੰ ਸ਼ਾਮਲ ਕਰਾਂਗੇ। ਅਸੀਂ ਸਾਲ 'ਚ ਇਕ ਵਾਰ ਵੇਰਵਾ ਮੁਫ਼ਤ ਦੇਵਾਂਗੇ ਪਰ ਜੇ ਤੁਸੀਂ 12 ਮਹੀਨਿਆਂ ਦੌਰਾਨ ਮੁੜ ਵੇਰਵਾ ਮੰਗਦੇ ਹੋ ਤਾਂ ਅਸੀਂ ਇਸ ਦੀ ਵਾਜਬ, ਲਾਗਤ ਆਧਾਰਤ ਫੀਸ ਵਸੂਲਾਂਗੇ।

ਇਸ ਨਿੱਜਤਾ ਨੋਟਿਸ ਦੀ ਕਾਪੀ ਹਾਸਲ ਕਰਨੀ

- ਤੁਸੀਂ ਕਿਸੇ ਵੀ ਵਕਤ ਇਸ ਨੋਟਿਸ ਦੀ ਇਕ ਕਾਗਜ਼ ਵਾਲੀ ਕਾਪੀ ਮੰਗ ਸਕਦੇ ਹੋ, ਭਾਵੇਂ ਤੁਸੀਂ ਨੋਟਿਸ ਨੂੰ ਇਲੈਕਟਰਾਨਿਕ ਆਧਾਰ ਉਤੇ ਹਾਸਲ ਕਰਨ ਦੀ ਸਹਿਮਤੀ ਦਿੱਤੀ ਹੋਵੇ। ਅਸੀਂ ਫੌਰੀ ਤੁਹਾਨੂੰ ਕਾਗਜ਼ ਵਾਲੀ ਇਕ ਕਾਪੀ ਮੁਹੱਈਆ ਕਰਾਵਾਂਗੇ।

ਆਪਣੇ ਵੱਲੋਂ ਕੰਮ ਕਰਨ ਲਈ ਕਿਸੇ ਦੀ ਚੋਣ ਕਰਨੀ

- ਜੇ ਤੁਸੀਂ ਕਿਸੇ ਨੂੰ ਮੈਡੀਕਲ ਮੁਖ਼ਤਾਰਨਾਮਾ ਦਿੱਤਾ ਹੋਵੇ ਜਾਂ ਜੇ ਕੋਈ ਤੁਹਾਡਾ ਕਾਨੂੰਨੀ ਸਰਪ੍ਰਸਤ ਹੋਵੇ, ਤਾਂ ਉਹ ਵਿਅਕਤੀ ਤੁਹਾਡੇ ਹੱਕਾਂ ਦਾ ਇਸਤੇਮਾਲ ਕਰ ਸਕਦਾ ਹੈ ਅਤੇ ਤੁਹਾਡੀ ਸਿਹਤ ਸੂਚਨਾ ਬਾਰੇ ਚੋਣਾਂ ਸਬੰਧੀ ਫੈਸਲੇ ਲੈ ਸਕਦਾ ਹੈ।
- ਅਸੀਂ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾਵਾਂਗੇ ਕਿ ਸਬੰਧਤ ਵਿਅਕਤੀ ਕੋਲ ਅਖ਼ਤਿਆਰ ਹੋਵੇ ਅਤੇ ਉਹ ਤੁਹਾਡੇ ਵੱਲੋਂ ਕੰਮ ਕਰ ਸਕਦਾ ਹੋਵੇ।

ਜੇ ਤੁਹਾਨੂੰ ਜਾਪੇ ਕਿ ਤੁਹਾਡੇ ਨਿੱਜਤਾ ਹੱਕਾਂ ਦਾ ਉਲੰਘਣ ਹੋਇਆ ਹੈ, ਤਾਂ ਸ਼ਿਕਾਇਤ ਦਰਜ ਕਰਨੀ

ਜੇ ਤੁਹਾਨੂੰ ਜਾਪੇ ਕਿ ਤੁਹਾਡੇ ਨਿੱਜਤਾ ਹੱਕਾਂ ਦਾ ਉਲੰਘਣ ਹੋਇਆ ਹੈ ਜਾਂ ਤੁਹਾਡਾ ਕੋਈ ਸਵਾਲ ਹੋਵੇ ਤਾਂ:

- ਨੰ. 1-844-284-2149 ਉਤੇ ਕਾਲ ਕਰ ਕੇ ਜਾਂ HCA Privacy Officer, Health Care Authority, P.O. Box 42704, Olympia, WA 98504-2704 ਨੂੰ ਲਿਖ ਕੇ HCA ਪ੍ਰਾਈਵੇਸੀ ਅਫਸਰ ਨਾਲ ਸੰਪਰਕ ਕਰੋ। ਜਾਂ
- ਤੁਸੀਂ 200 Independence Avenue, S.W., Washington, D.C. 20201 ਨੂੰ ਚਿੱਠੀ ਭੇਜ ਕੇ, ਨੰ. 1-877-696-6775 ਉਤੇ ਕਾਲ ਕਰ ਕੇ ਜਾਂ **www.hhs.gov/ocr/privacy/hipaa/complaints/** ਉਤੇ ਜਾ ਕੇ U.S. Department of Health and Human Services Office for Civil Rights ਕੋਲ ਸ਼ਿਕਾਇਤ ਦਰਜ ਕਰਵਾ ਸਕਦੇ ਹੋ।
- ਅਸੀਂ ਸ਼ਿਕਾਇਤ ਕਰਨ ਕਾਰਨ ਤੁਹਾਡੇ ਖ਼ਿਲਾਫ ਕੋਈ ਜਵਾਬੀ ਕਾਰਵਾਈ ਨਹੀਂ ਕਰਾਂਗੇ।

ਤੁਹਾਡੀਆਂ ਪਸੰਦਾਂ

ਤੁਸੀਂ ਕੁਝ ਖਾਸ ਸਿਹਤ ਸੂਚਨਾਵਾਂ ਸਬੰਧੀ ਆਪਣੀਆਂ ਪਸੰਦਾਂ ਬਾਰੇ ਦੱਸ ਸਕਦੇ ਹੋ, ਕਿ ਅਸੀਂ ਕੀ ਸਾਂਝਾ ਕਰਨਾ ਚਾਹੀਦਾ ਹੈ। ਜੇ ਤੁਹਾਡੀ ਸਪਸ਼ਟ ਤਰਜੀਹ ਹੋਵੇ ਕਿ ਅਸੀਂ ਹੇਠਾਂ ਦੱਸੀਆਂ ਇਨ੍ਹਾਂ ਹਾਲਤਾਂ ਵਿੱਚ ਤੁਹਾਡੀ ਸੂਚਨਾ ਕਿਵੇਂ ਸਾਂਝੀ ਕਰਨੀ ਚਾਹੀਦੀ ਹੈ, ਤਾਂ ਸਾਡੇ ਨਾਲ ਗੱਲ ਕਰੋ। ਸਾਨੂੰ ਦੱਸੋ ਕਿ ਤੁਸੀਂ ਸਾਡੇ ਕੋਲੋਂ ਕੀ ਕੀਤਾ ਜਾਣਾ ਚਾਹੁੰਦੇ ਹੋ, ਅਤੇ ਅਸੀਂ ਤੁਹਾਡੀਆਂ ਹਦਾਇਤਾਂ ਦਾ ਪਾਲਣ ਕਰਾਂਗੇ।

ਇਨ੍ਹਾਂ ਮਾਮਲਿਆਂ ਵਿੱਚ ਤੁਹਾਡੇ ਕੋਲ ਸਾਨੂੰ ਦੱਸਣ ਦੇ ਦੋਵੇਂ ਹੱਕ ਵੀ ਹਨ ਤੇ ਪਸੰਦਾਂ ਵੀ, ਕਿ:

- ਤੁਹਾਡੇ ਪਰਿਵਾਰ, ਕਰੀਬੀ ਦੋਸਤਾਂ ਅਤੇ ਤੁਹਾਡੀ ਸੰਭਾਲ ਸਬੰਧੀ ਅਦਾਇਗੀ ਵਿੱਚ ਸ਼ਾਮਲ ਹੋਰਨਾਂ ਨਾਲ ਸੂਚਨਾ ਸਾਂਝੀ ਕਰਨੀ।
- ਇਕ ਆਫਤ ਰਾਹਤ ਹਾਲਤ ਵਿੱਚ ਸੂਚਨਾ ਸਾਂਝੀ ਕਰਨੀ।

ਜੇ ਤੁਸੀਂ ਸਾਨੂੰ ਆਪਣੀ ਤਰਜੀਹ ਦੱਸਣ ਦੇ ਯੋਗ ਨਹੀਂ ਹੋ, ਮਿਸਾਲ ਵਜੋਂ ਜੇ ਤੁਸੀਂ ਬੇਹੋਸ਼ ਹੋ, ਤਾਂ ਅਸੀਂ ਅੱਗੇ ਵਧਦੇ ਹੋਏ ਸੂਚਨਾ ਸਾਂਝੀ ਕਰ ਸਕਦੇ ਹਾਂ, ਜੇ ਸਾਨੂੰ ਜਾਪਦਾ ਹੋਵੇ ਕਿ ਇਹ ਤੁਹਾਡੇ ਬਿਹਤਰੀਨ ਹਿੱਤਾਂ ਵਿੱਚ ਹੈ। ਅਸੀਂ ਉਸ ਸੂਰਤ ਵਿੱਚ ਵੀ ਤੁਹਾਡੀ ਸੂਚਨਾ ਸਾਂਝੀ ਕਰ ਸਕਦੇ ਹਾਂ ਜਦੋਂ ਸਿਹਤ ਅਤੇ ਸੁਰੱਖਿਆ ਲਈ ਗੰਭੀਰ ਜਾਂ ਸਾਫ ਖਤਰੇ ਨੂੰ ਘਟਾਉਣ ਲਈ ਅਜਿਹਾ ਜ਼ਰੂਰੀ ਹੋਵੇ।

ਸਾਡੇ ਇਸਤੇਮਾਲ ਤੇ ਇਜ਼ਹਾਰ

ਅਸੀਂ ਆਮ ਕਰ ਕੇ ਕਿਵੇਂ ਤੁਹਾਡੀ ਸਿਹਤ ਸੂਚਨਾ ਨੂੰ ਵਰਤਦੇ ਜਾਂ ਸਾਂਝੀ ਕਰਦੇ ਹਾਂ? ਅਸੀਂ ਆਮ ਕਰ ਕੇ ਤੁਹਾਡੀ ਸਿਹਤ ਸੂਚਨਾ ਹੇਠ ਲਿਖੇ ਤਰੀਕਿਆਂ ਨਾਲ ਵਰਤਦੇ ਜਾਂ ਸਾਂਝੀ ਕਰਦੇ ਹਾਂ।

ਤੁਹਾਡੇ ਵੱਲੋਂ ਲਏ ਜਾਂਦੇ ਸਿਹਤ ਸੰਭਾਲ ਇਲਾਜ ਨੂੰ ਪ੍ਰਬੰਧਤ ਕਰਨ 'ਚ ਮੱਦਦ ਲਈ

- ਅਸੀਂ ਤੁਹਾਡੀ ਸੂਚਨਾ ਉਨ੍ਹਾਂ ਪੇਸ਼ੇਵਰਾਂ ਨਾਲ ਵਰਤ ਜਾਂ ਸਾਂਝੀ ਕਰ ਸਕਦੇ ਹਾਂ, ਜਿਹੜੇ ਤੁਹਾਡਾ ਇਲਾਜ ਕਰ ਰਹੇ ਹੋਣ।

  ਮਿਸਾਲ ਵਜੋਂ: *ਇਕ ਡਾਕਟਰ ਸਾਨੂੰ ਤੁਹਾਡੇ ਡਾਇਗਨੋਸਿਸ ਤੇ ਇਲਾਜ ਯੋਜਨਾ ਬਾਰੇ ਜਾਣਕਾਰੀ ਘੱਲਦਾ ਹੈ ਤਾਂ ਕਿ ਅਸੀਂ ਵਾਧੂ ਸੇਵਾਵਾਂ ਦਾ ਪ੍ਰਬੰਧ ਕਰ ਸਕੀਏ। ਜਾਂ ਅਸੀਂ Children's Administration(**ਬੱਚਿਆਂ ਬਾਰੇ ਪ੍ਰਸ਼ਾਸਨ**) ਨੂੰ ਸੂਚਨਾ ਭੇਜਦੇ ਹਾਂ, ਜੇ ਤੁਸੀਂ ਪਾਲਣ-ਪੋਸ਼ਣ ਸਬੰਧੀ ਸੰਭਾਲ ਵਾਲੇ ਇਕ ਬੱਚੇ ਹੋ।*

ਆਪਣੀ ਸੰਸਥਾ ਨੂੰ ਚਲਾਉਣਾ

- ਅਸੀਂ ਆਪਣੀ ਸੰਸਥਾ ਨੂੰ ਚਲਾਉਣ ਲਈ ਤੁਹਾਡੀ ਸੂਚਨਾ ਨੂੰ ਵਰਤ ਅਤੇ ਜ਼ਾਹਰ ਕਰ ਸਕਦੇ ਹਾਂ ਅਤੇ ਜਦੋਂ ਜ਼ਰੂਰੀ ਹੋਵੇ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਾਂ।
- ਸਾਨੂੰ ਇਹ ਫੈਸਲਾ ਕਰਨ ਲਈ ਜੈਨੇਟਿਕ ਸੂਚਨਾ ਨੂੰ ਵਰਤਣ ਦੀ ਇਜਾਜ਼ਤ ਨਹੀਂ ਹੈ ਕਿ ਕੀ ਅਸੀਂ ਤੁਹਾਨੂੰ ਕਵਰੇਜ ਜਾਂ ਕਵਰੇਜ ਲਈ ਕੀਮਤ ਅਦਾ ਕਰਾਂਗੇ। ਇਹ ਲੰਬੀ ਮਿਆਦ ਦੀਆਂ ਸੰਭਾਲ ਯੋਜਨਾਵਾਂ ਉਤੇ ਲਾਗੂ ਨਹੀਂ ਹੁੰਦਾ।

  ਮਿਸਾਲ ਵਜੋਂ: *ਅਸੀਂ ਤੁਹਾਡੇ ਬਾਰੇ ਸਿਹਤ ਸੂਚਨਾ ਨੂੰ ਤੁਹਾਡੇ ਲਈ ਬਿਹਤਰ ਸੇਵਾਵਾਂ ਵਿਕਸਤ ਕਰਨ ਵਾਸਤੇ ਵਰਤਦੇ ਹਾਂ।*

ਤੁਹਾਡੀਆਂ ਸਿਹਤ ਸੇਵਾਵਾਂ ਦੀ ਅਦਾਇਗੀ

- ਅਸੀਂ ਤੁਹਾਡੀਆਂ ਕਵਰਡ ਸਿਹਤ ਸੇਵਾਵਾਂ ਲਈ ਅਦਾਇਗੀ ਕਰਨ ਲਈ ਤੁਹਾਡੀ ਸਿਹਤ ਸੂਚਨਾ ਵਰਤ ਤੇ ਜ਼ਾਹਰ ਕਰ ਸਕਦੇ ਹਾਂ।

  ਮਿਸਾਲ ਵਜੋਂ: *ਅਸੀਂ ਤੁਹਾਡੀ ਸਰਜਰੀ ਦੀ ਅਦਾਇਗੀ ਦੇ ਸੰਯੋਜਨ ਲਈ ਤੁਹਾਡੇ ਬਾਰੇ ਸੂਚਨਾ ਤੁਹਾਡੇ ਡਾਕਟਰ ਨਾਲ ਸਾਂਝੀ ਕਰ ਸਕਦੇ ਹਾਂ।*
- ਜੇ ਤੁਸੀਂ ਇਕ ਨਾਮਨਜ਼ੂਰੀ ਦੀ ਨਜ਼ਰਸਾਨੀ ਲਈ ਪ੍ਰਸ਼ਾਸਕੀ ਸੁਣਵਾਈ ਵਾਸਤੇ ਆਖਦੇ ਹੋ, ਤਾਂ ਸਾਨੂੰ ਆਮ ਕਰ ਕੇ ਸੁਣਵਾਈ ਦੇ ਅਮਲ ਦੌਰਾਨ ਸੂਚਨਾ ਜ਼ਾਹਰ ਕਰਨੀ ਪੈਂਦੀ ਹੈ।

ਅਸੀਂ ਹੋਰ ਕਿਸ ਤਰ੍ਹਾਂ ਤੁਹਾਡੀ ਸਿਹਤ ਸੂਚਨਾ ਨੂੰ ਵਰਤ ਜਾਂ ਸਾਂਝੀ ਕਰ ਸਕਦੇ ਹਾਂ? ਅਸੀਂ ਹੋਰ ਤਰੀਕਿਆਂ ਨਾਲ ਵੀ ਤੁਹਾਡੀ ਸੂਚਨਾ ਦੱਸ ਸਕਦੇ ਹਾਂ ਜਾਂ ਸਾਨੂੰ ਦੱਸਣੀ ਪੈਂਦੀ ਹੈ – ਆਮ ਕਰ ਕੇ ਅਜਿਹੇ ਤਰੀਕੇ ਜੋ ਜਨਤਕ ਫਾਇਦੇ ਲਈ ਯੋਗਦਾਨ ਪਾਉਂਦੇ ਹਨ, ਜਿਵੇਂ ਜਨਤਕ ਸਿਹਤ ਤੇ ਖੋਜ। ਇਨ੍ਹਾਂ ਮਕਸਦਾਂ ਲਈ ਤੁਹਾਡੀ ਸੂਚਨਾ ਸਾਂਝੀ ਕਰਨ ਤੋਂ ਪਹਿਲਾਂ ਸਾਨੂੰ ਕਾਨੂੰਨ ਮੁਤਾਬਕ ਅਨੇਕਾਂ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ। ਵਧੇਰੇ ਜਾਣਕਾਰੀ ਲਈ, ਦੇਖੋ: **www.hhs.gov/ocr/privacy/hipaa/understanding/consumers/index.html.**

ਸਾਡੇ ਇਸਤੇਮਾਲ ਤੇ ਇਜ਼ਹਾਰ

ਜਨ ਸਿਹਤ ਤੇ ਸੁਰੱਖਿਆ ਮੁੱਦਿਆਂ ਵਿੱਚ ਮੱਦਦ ਲਈ

- ਅਸੀਂ ਤੁਹਾਡੇ ਸਬੰਧੀ ਸੂਚਨਾ ਨੂੰ ਕੁਝ ਖਾਸ ਮੁੱਦਿਆਂ ਲਈ ਸਾਂਝੀ ਕਰ ਸਕਦੇ ਹਾਂ, ਜਿਵੇਂ:
- ਬਿਮਾਰੀ ਨੂੰ ਰੋਕਣਾ
- ਉਤਪਾਦ ਯਾਦ-ਦਹਾਨੀਆਂ ਸਬੰਧੀ ਮੱਦਦ।
- ਦਵਾਈਆਂ ਦੇ ਮਾੜੇ ਰੀਐਕਸ਼ਨਾਂ ਸਬੰਧੀ ਰਿਪੋਰਟ ਕਰਨੀ।
- ਸ਼ੱਕੀ ਸ਼ੋਸ਼ਣ, ਬੇਕਦਰੀ, ਅਤੇ ਘਰੇਲੂ ਹਿੰਸਾ ਸਬੰਧੀ ਰਿਪੋਰਟ ਕਰਨੀ।
- ਕਿਸੇ ਦੀ ਸਿਹਤ ਜਾਂ ਸੁਰੱਖਿਆ ਲਈ ਗੰਭੀਰ ਖ਼ਤਰੇ ਨੂੰ ਰੋਕਣਾ ਜਾਂ ਘਟਾਉਣਾ।

ਖੋਜ ਲਈ

- ਅਸੀਂ ਸਿਹਤ ਖੋਜ ਲਈ ਤੁਹਾਡੀ ਸੂਚਨਾ ਵਰਤ ਜਾਂ ਸਾਂਝੀ ਕਰ ਸਕਦੇ ਹਾਂ।

ਕਾਨੂੰਨ ਦੇ ਪਾਲਣ ਲਈ

- ਜੇ ਸੂਬਾਈ ਜਾਂ ਫੈਡਰਲ ਕਾਨੂਨਾਂ ਮੁਤਾਬਕ ਜ਼ਰੂਰੀ ਹੋਵੇ ਤਾਂ ਅਸੀਂ ਤੁਹਾਡੀ ਸੂਚਨਾ ਸਾਂਝੀ ਕਰਾਂਗੇ, ਜਿਨ੍ਹਾਂ ਵਿੱਚ Department of Health and Human Services ਵੀ ਸ਼ਾਮਲ ਹੈ, ਜੇ ਇਸ ਨੇ ਇਹ ਦੇਖਣਾ ਹੋਵੇ ਕਿ ਕੀ ਅਸੀਂ ਫੈਡਰਲ ਨਿੱਜਤਾ ਕਾਨੂੰਨਾਂ ਦਾ ਪਾਲਣ ਕਰ ਰਹੇ ਹਾਂ।

ਅੰਗ ਤੇ ਟਿਸ਼ੂ ਦਾਨ ਬੇਨਤੀਆਂ ਪ੍ਰਤੀ ਹੁੰਗਾਰੇ ਤੇ ਮੈਡੀਕਲ ਜਾਂਚਕਾਰ ਜਾਂ ਅੰਤਿਮ ਸੰਸਕਾਰ ਡਾਇਰੈਕਟਰ ਨਾਲ ਕੰਮ ਕਰਨ ਲਈ

- ਅਸੀਂ ਤੁਹਾਡੇ ਸਬੰਧੀ ਸੂਚਨਾ ਨੂੰ ਅੰਗ ਖਰੀਦ ਸੰਸਥਾਵਾਂ ਨਾਲ ਸਾਂਝੀ ਕਰ ਸਕਦੇ ਹਾਂ।
- ਅਸੀਂ ਸਿਹਤ ਨਾਲ ਸਬੰਧਤ ਸੂਚਨਾ ਨੂੰ ਕਿਸੇ ਵਿਅਕਤੀ ਦੀ ਮੌਤ ਦੀ ਸੂਰਤ ਵਿੱਚ ਮੌਤ ਦੀ ਜਾਂਚ ਕਰਨ ਵਾਲੇ ਅਫਸਰ (coroner), ਮੈਡੀਕਲ ਜਾਂਚਕਾਰ, ਜਾਂ ਅੰਤਿਮ ਸੰਸਕਾਰ ਡਾਇਰੈਕਟਰ ਨਾਲ ਸਾਂਝੀ ਕਰ ਸਕਦੇ ਹਾਂ।

ਕਾਮਿਆਂ ਦੇ ਮੁਆਵਜ਼ੇ, ਕਾਨੂੰਨ ਲਾਗੂ ਕਰਨ ਤੇ ਹੋਰ ਸਰਕਾਰੀ ਬੇਨਤੀਆਂ ਦੇ ਨਿਬੇੜੇ ਲਈ।

- ਅਸੀਂ ਤੁਹਾਡੇ ਨਾਲ ਸਬੰਧਤ ਸਿਹਤ ਸੂਚਨਾ ਨੂੰ ਇਸਤੇਮਾਲ ਜਾਂ ਸਾਂਝੀ ਕਰ ਸਕਦੇ ਹਾਂ:
  - ☐ ਕਾਮਿਆਂ ਦੇ ਮੁਆਵਜ਼ੇ ਦੇ ਕਲੇਮਾਂ ਲਈ।
  - ☐ ਕਾਨੂੰਨ ਲਾਗੂ ਕਰਨ ਦੇ ਮਕਸਦਾਂ ਲਈ ਜਾਂ ਕਾਨੂੰਨ ਲਾਗੂ ਕਰਨ ਵਾਲੇ ਕਿਸੇ ਅਫਸਰ ਨਾਲ।
  - ☐ ਸਿਹਤ ਨਿਗਰਾਨ ਏਜੰਸੀਆਂ ਨਾਲ, ਕਾਨੂੰਨ ਵੱਲੋਂ ਅਧਿਕਾਰਤ ਸਰਗਰਮੀਆਂ ਲਈ।
  - ☐ ਖਾਸ ਸਰਕਾਰੀ ਕੰਮਾਂ ਲਈ ਜਿਵੇਂ ਫੌਜ, ਕੌਮੀ ਸਲਾਮਤੀ, ਅਤੇ ਰਾਸ਼ਟਰਪਤੀ ਦੀਆਂ ਸੁਰੱਖਿਆ ਸੇਵਾਵਾਂ ਲਈ।

ਮੁਕੱਦਮਿਆਂ ਤੇ ਕਾਨੂੰਨੀ ਕਾਰਵਾਈਆਂ ਦੇ ਜਵਾਬ ਲਈ

- ਅਸੀਂ ਕਿਸੇ ਅਦਾਲਤ ਜਾਂ ਪ੍ਰਸ਼ਾਸਕੀ ਹੁਕਮ ਦੇ ਜਵਾਬ ਵਜੋਂ ਜਾਂ ਕਿਸੇ ਸਫੀਨਾ (ਕਚਹਿਰੀ ਵਿੱਚ ਪੇਸ਼ੀ ਭੁਗਤਣ ਦੇ ਹੁਕਮ) ਦੇ ਹੁੰਗਾਰੇ ਵਜੋਂ ਤੁਹਾਡੇ ਨਾਲ ਸਬੰਧਤ ਸੂਚਨਾ ਨੂੰ ਸਾਂਝੀ ਕਰ ਸਕਦੇ ਹਾਂ।

ਕੀ ਕੋਈ ਖਾਸ ਤੌਰ 'ਤੇ ਸੁਰੱਖਿਅਤ ਰੱਖੀ ਜਾਣ ਵਾਲੀ ਸੂਚਨਾ ਹੈ?

ਹਾਂ, ਕੁਝ ਕਿਸਮ ਦੀ ਸੂਚਨਾ ਨੂੰ ਵਾਸ਼ਿੰਗਟਨ ਸੂਬੇ ਜਾਂ ਫੈਡਰਲ ਕਾਨੂੰਨਾਂ ਤਹਿਤ ਵਧੇਰੇ ਸੁਰੱਖਿਆ ਹਾਸਲ ਹੈ। ਉਪਰੋਕਤ ਪ੍ਰਗਟਾਵਾ ਦਸਤੂਰ ਜ਼ਰੂਰੀ ਨਹੀਂ ਕਿ ਇਸ ਤਰ੍ਹਾਂ ਦੀ ਸੂਚਨਾ ਉਤੇ ਲਾਗੂ ਹੋਣ, ਜਿਸ ਵਿੱਚ ਸ਼ਾਮਲ ਹੈ HIV ਨਾਲ ਸਬੰਧਤ ਖ਼ੁਫ਼ੀਆ ਸੂਚਨਾ, ਜਿਸ ਦੀ ਕਿ ਵਾਸ਼ਿੰਗਟਨ ਸੂਬੇ ਦੇ ਕਾਨੂੰਨਾਂ ਤਹਿਤ ਰਾਖੀ ਕੀਤੀ ਜਾਂਦੀ ਹੈ; ਸ਼ਰਾਬ ਤੇ ਹੋਰ ਨਸ਼ੇ ਦੀ ਦੁਰਵਰਤੋਂ ਦੇ ਇਲਾਜ ਦੀ ਸੂਚਨਾ, ਜਿਸ ਦੀ ਰਾਖੀ ਦੋਵਾਂ ਵਾਸ਼ਿੰਗਟਨ ਸੂਬੇ ਤੇ ਫੈਡਰਲ ਕਾਨੂੰਨਾਂ ਤਹਿਤ ਕੀਤੀ ਜਾਂਦੀ ਹੈ; ਅਤੇ ਮਾਨਸਿਕ ਇਲਾਜ ਦੀ ਸੂਚਨਾ ਜੋ ਕਿ ਸੁਰੱਖਿਅਤ ਹੈ।

ਸਾਡੀਆਂ ਜ਼ਿੰਮੇਵਾਰੀਆਂ

- ਸਾਡੇ ਲਈ ਕਾਨੂੰਨਨ ਜ਼ਰੂਰੀ ਹੈ ਕਿ ਅਸੀਂ ਤੁਹਾਡੀ ਸੁਰੱਖਿਅਤ ਸਿਹਤ ਸੂਚਨਾ ਦੀ ਨਿੱਜਤਾ ਅਤੇ ਸੁਰੱਖਿਆ ਬਣਾਈ ਰੱਖੀਏ।
- ਜੇ ਕਦੇ ਅਜਿਹਾ ਉਲੰਘਣ ਹੁੰਦਾ ਹੈ, ਜਿਸ ਨਾਲ ਤੁਹਾਡੀ ਸੂਚਨਾ ਦੀ ਨਿੱਜਤਾ ਤੇ ਸੁਰੱਖਿਆ ਨਾਲ ਸਮਝੌਤਾ ਹੋਵੇ, ਤਾਂ ਅਸੀਂ ਫੌਰੀ ਤੁਹਾਨੂੰ ਜਾਣਕਾਰੀ ਦੇਵਾਂਗੇ।
- ਸਾਨੂੰ ਇਸ ਨੋਟਿਸ ਵਿੱਚ ਦੱਸੇ ਗਏ ਦਸਤੂਰਾਂ ਦਾ ਲਾਜ਼ਮੀ ਪਾਲਣ ਕਰਨਾ ਚਾਹੀਦਾ ਹੈ ਅਤੇ ਜੇ ਤੁਸੀਂ ਮੰਗਦੇ ਹੋ ਤਾਂ ਤੁਹਾਨੂੰ ਇਸ ਦੀ ਕਾਪੀ ਦੇਣੀ ਚਾਹੀਦੀ ਹੈ।
- ਅਸੀਂ ਤੁਹਾਡੀ ਸੂਚਨਾ ਇਥੇ ਦੱਸੇ ਗਏ ਤੋਂ ਬਿਨਾਂ ਹੋਰ ਕਿਸੇ ਤਰ੍ਹਾਂ ਇਸਤੇਮਾਲ ਜਾਂ ਸਾਂਝੀ ਨਹੀਂ ਕਰਾਂਗੇ, ਜਦੋਂ ਤੱਕ ਕਿ ਤੁਸੀਂ ਸਾਨੂੰ ਲਿਖਤੀ ਤੌਰ 'ਤੇ ਨਹੀਂ ਦੱਸਦੇ ਕਿ ਅਸੀਂ ਅਜਿਹਾ ਕਰ ਸਕਦੇ ਹਾਂ। ਜੇ ਤੁਸੀਂ ਸਾਨੂੰ ਕਹਿੰਦੇ ਹੋ ਕਿ ਅਸੀਂ ਕਰ ਸਕਦੇ ਹਾਂ, ਤਾਂ ਵੀ ਤੁਸੀਂ ਆਪਣਾ ਮਨ ਕਿਸੇ ਵੀ ਵਕਤ ਬਦਲ ਸਕਦੇ ਹੋ। ਜੇ ਤੁਸੀਂ ਆਪਣਾ ਮਨ ਬਦਲਦੇ ਹੋ ਤਾਂ ਸਾਨੂੰ ਲਿਖਤੀ ਤੌਰ 'ਤੇ ਦੱਸੋ।

ਵਧੇਰੇ ਜਾਣਕਾਰੀ ਲਈ ਫੈਡਰਲ ਸਰਕਾਰ ਦੀ ਇਹ ਵੈਬਸਾਈਟ ਦੇਖੋ:
www.hhs.gov/ocr/privacy/hipaa/understanding/consumers/noticepp.html.

ਇਸ ਨੋਟਿਸ ਦੀਆਂ ਸ਼ਰਤਾਂ ਵਿੱਚ ਤਬਦੀਲੀਆਂ

ਅਸੀਂ ਇਸ ਨੋਟਿਸ ਦੀਆਂ ਸ਼ਰਤਾਂ ਵਿੱਚ ਤਬਦੀਲੀਆਂ ਕਰ ਸਕਦੇ ਹਾਂ, ਅਤੇ ਤਬਦੀਲੀਆਂ ਉਸ ਸਾਰੀ ਸੂਚਨਾ ਉਤੇ ਲਾਗੂ ਹੋਣਗੀਆਂ ਜਿਹੜੀ ਸਾਡੇ ਕੋਲ ਤੁਹਾਡੇ ਬਾਰੇ ਹੈ। ਅਸੀਂ ਤੁਹਾਨੂੰ ਨਵਾਂ ਨੋਟਿਸ ਦੇਵਾਂਗੇ, ਜਾਂ ਤੁਹਾਨੂੰ ਇਸ ਬਾਰੇ ਦੱਸਾਂਗੇ ਤੇ ਇਹ ਵੀ ਦੱਸਾਂਗੇ ਕਿ ਇਸ ਦੀ ਕਾਪੀ ਕਿਵੇਂ ਹਾਸਲ ਕਰਨੀ ਹੈ। ਸੋਧਿਆ ਹੋਇਆ ਨੋਟਿਸ ਸਾਡੀ ਵੈਬਸਾਈਟ ਉਤੇ ਉਪਲਬਧ ਹੋਵੇਗਾ, ਅਤੇ ਅਸੀਂ ਬੇਨਤੀ ਉਤੇ ਤੁਹਾਨੂੰ ਇਸ ਦੀ ਇਕ ਕਾਪੀ ਈਮੇਲ ਕਰਾਂਗੇ ਜਾਂ ਡਾਕ ਰਾਹੀਂ ਭੇਜਾਂਗੇ। ਇਹ ਨੋਟਿਸ ਅਨੇਕਾਂ ਭਾਸ਼ਾਵਾਂ ਵਿੱਚ ਉਪਲਬਧ ਹੈ; ਸਾਡੀ ਵੈੱਬਸਾਈਟਥੇ ਦੇਖੋ **www.hca.wa.gov/pages/privacy.aspx.**